# ਦਫਤਰ ਨਗਰ ਨਿਗਮ ਹੁਸ਼ਿਆਰਪੁਰ।

# ਪ੍ਰੈਸ ਨੋਟ

# ਵਾਰਡ ਨੰਬਰ 1 ਦੇ ਸ਼ਿਵਾਲਿਕ ਇਨਕਲੇਵ ਦੇ ਨਿਵਾਸੀਆਂ ਨੂੰ ਜਲਦ ਉਪਲਬੱਧ ਹੋਵੇਗੀ ਸੀਵਰੇਜ਼ ਦੀ ਸੁਵਿਧਾ.........ਮੇਅਰ ਸ਼ਿਵ ਸੂਦ

ਹੁਸ਼ਿਆਰਪੁਰ 17 ਅਗਸਤ ਮੁੱਖ ਮੰਤਰੀ ਪੰਜਾਬ ਸ: ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੀਤੇ ਗਏ ਸਗੰਤ ਦਰਸ਼ਨ ਮੋਕੇ ਤੇ ਵਾਰਡ ਨੰ: 1 ਦੇ ਕੋਂਸਲਰ ਰਜਨੀ ਡਡਵਾਲ ਅਤੇ ਸ਼ਿਵਾਲਿਕ ਇਨਕਲੇਵ ਵਿਕਾਸ ਕਮੇਟੀ ਵੱਲੋਂ ਮੁਹੱਲੇ ਵਿੱਚ ਸੀਵਰੇਜ਼ ਦੀ ਸੁਵਿਧਾ ਦੇਣ ਸਬੰਧੀ ਕੀਤੀ ਗਈ ਮੰਗ ਨੂੰ ਦੇਖਦੇ ਹੋਏ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਸ਼ਿਵਾਲਿਕ ਇਨਕਲੇਵ ਦਾ ਵਿਸ਼ੇਸ਼ ਦੋਰਾ ਕੀਤਾ। ਇਸ ਮੋਕੇ ਤੇ ਸ਼ਿਵਾਲਿਕ ਇਨਕਲੇਵ ਦੇ ਨਿਵਾਸੀਆਂ ਦੇ ਭਾਰੀ ਇਕੱਠ ਨੇ ਉਹਨ੍ਹਾਂ ਨੂੰ ਦੱਸਿਆ ਕਿ ਸੀਵਰੇਜ਼ ਭਰਵਾਂਈ ਰੋਡ ਦੀ ਮੇਨ ਲਾਈਨ ਨਾਲ ਜ਼ੋੜਨ ਦੀ ਬਜਾਏ ਆਦਮਵਾਲ ਲਿੰਕ ਰੋਡ ਤੇ ਬਣੇ ਸੀਵਰੇਜ਼ ਨਾਲ ਜ਼ੋੜਿਆ ਜਾਵੇ।ਜਿਸ ਤੇ ਮੇਅਰ ਸ਼ਿਵ ਸੂਦ ਨੇ ਸੀਵਰੇਜ਼ ਬੋਰਡ ਦੇ ਸਬੰਧਤ ਅਧਿਕਾਰੀਆਂ ਨਾਲ ਫੋਨ ਤੇ ਗੱਲਬਾਤ ਕਰਕੇ ਉਹਨ੍ਹਾਂ ਨੂੰ ਸੀਵਰੇਜ਼ ਪਾਉਣ ਸਬੰਧੀ ਪ੍ਰਪੋਜਲ ਬਣਾਉਣ ਲਈ ਕਿਹਾ ਤਾਂ ਜ਼ੋ ਸ਼ਿਵਾਲਿਕ ਇਨਕਲੇਵ ਦੇ ਨਿਵਾਸੀਆਂ ਨੂੰ ਸੀਵਰੇਜ਼ ਦੀ ਸੁਵਿਧਾ ਉਪਲਬੱਧ ਹੋ ਸਕੇ।ਉਹਨ੍ਹਾਂ ਨੇ ਮੁਹੱਲਾ ਨਿਵਾਸੀਆਂ ਨੂੰ ਭਰੋਸਾ ਦਵਾਇਆ ਕਿ ਸ਼ਿਵਾਲਿਕ ਇਨਕਲੇਵ ਵਿੱਚ ਸੀਵਰੇਜ਼ ਦੀ ਸੁਵਿਧਾ ਓਪਲਬੱਧ ਕਰਵਾਉਣ ਲਈ ਜਲਦੀ ਹੀ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਇਸ ਮੁਹੱਲੇ ਦੇ ਰਹਿੰਦੇ ਇਲਾਕੇ ਵਿੱਚ ਪੀਣ ਵਾਲੇ ਪਾਣੀ ਦੀ ਸੁਵਿਧਾ ਵੀ ਜਲਦੀ ਹੀ ਮੁਹੱਈਆਂ ਕਰਵਾਉਣ ਲਈ ਵੀ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਕਿਹਾ।ਉਹਨ੍ਹਾਂ ਨੇ ਦੱਸਿਆ ਕਿ ਸੀਵਰੇਜ਼ ਬੋਰਡ ਵੱਲੋਂ ਸੀਵਰੇਜ਼ ਅਤੇ ਪੀਣ ਵਾਲੇ ਪਾਣੀ ਦੀ ਸੁਵਿਧਾ ਮੁਹੱਈਆ ਕਰਵਾਉਣ ਉਪਰੰਤ ਸ਼ਿਵਾਲਿਕ ਇਨਕਲੇਵ ਦੀਆਂ ਰਹਿੰਦੀਆਂ ਗਲੀਆਂ ਨੂੰ ਵੀ ਪੱਕਾ ਕਰਨ ਦਾ ਕੰਮ ਜਲਦ ਹੀ ਸ਼ੁਰੂ ਕਰ ਦਿੱਤਾ ਜਾਵੇਗਾ।

ਸ਼ਿਵਾਲਿਕ ਇਨਕਲੇਵ ਵਿਕਾਸ ਕਮੇਟੀ ਦੇ ਪ੍ਰਧਾਨ ਖੁਸ਼ੀ ਰਾਮ, ਲਵਲੀ ਪਹਿਲਵਾਨ ਨੇ ਮੇਅਰ ਸ਼ਿਵ ਸੂਦ ਵੱਲੋਂ ਸੀਵਰੇਜ਼ ਅਤੇ ਪੀਣ ਵਾਲੇ ਪਾਣੀ ਦੀ ਸੁਵਿਧਾ ਉਪਲਬੱਧ ਕਰਵਾਉਣ ਸਬੰਧੀ ਦਿੱਤੇ ਭਰੋਸੇ ਤੇ ਉਹਨ੍ਹਾ ਦਾ ਧੰਨਵਾਦ ਕੀਤਾ।ਠਾਕੁਰ ਬਲਜੀਤ ਸਿੰਘ, ਸਤਪਾਲ ਸ਼ਰਮਾ, ਬਲਵਿੰਦਰ ਸੰਧੂ, ਰਿਸ਼ੀ ਰਾਜ, ਮਹਿੰਦਰ ਸਿੰਘ, ਦਵਿੰਦਰ ਸਿੰਘ, ਇੰਦਰ ਮੋਹਨ ਸਿੰਘ, ਭਗਵੰਤ ਕਿਸ਼ੋਰ, ਰਜਨੀਸ਼,ਪ੍ਰੋ: ਵਰਿੰਦਰ ਕੁਮਾਰ, ਵਿਜੈ ਕੁਮਾਰ ਆਦੀ, ਹਰਪ੍ਰੀਤ ਕੋਰ, ਸਤਿਆ ਅਤੇ ਮੁਹੱਲਾ ਨਿਵਾਸੀ ਵੀ ਇਸ ਮੌਕੇ ਤੇ ਹਾਜਰ ਸਨ।